# ਗ਼ਦਰ ਪਾਰਟੀ ਦਾ ਔਰਤਾਂ ਪ੍ਰਤੀ ਰਵੱਈਆ ਤੇ ਯੋਗਦਾਨ

ਪਰਮਿੰਦਰ ਕੌਰ ਸਵੈਚ (ਈਸੜੂ)

ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਦੀ ਲੜਾਈ ਕੁੱਲੀ, ਗੁੱਲੀ ਤੇ ਜੁੱਲੀ ਦੀ ਲੜਾਈ ਬਰਤਾਨਵੀ ਸਾਮਰਾਜ ਦੇ ਵਿਰੁੱਧ ਸੀ ਜਿਸ ਨੇ ਭਾਰਤੀ ਸਮਾਜ ਦੇ ਵਿੱਚ ਨਾਬਰਾਬਰਤਾ ਕਾਇਮ ਕਰਨ ਦੇ ਲਈ ਮਜ਼ਹਬ ਦੇ ਨਾਂ ਤੇ ਲੋਕਾਂ ਨੂੰ ਵੰਡ ਕੇ ਤਰੱਕੀਆਂ ਦੇਣੀਆਂ, ਮਜ਼ਹਬੀ ਸਕੂਲ, ਕਾਲਜ਼ ਤੇ ਯੂਨੀਵਰਸਿਟੀਆਂ ਖੋਲ੍ਹਣੇ ਤੇ ਉਹਨਾਂ ਵਿੱਚ ਅੰਗਰੇਜ਼ਾਂ ਦੇ ਵਡੱਪਣ ਤੇ ਜ਼ੋਰ ਦੇਣਾ, ਅੰਗਰੇਜ਼ੀ ਪੜ੍ਹਾਈ, ਅੰਗਰੇਜ਼ੀ ਰਹਿਣ-ਸਹਿਣ, ਅੰਗਰੇਜ਼ੀ ਕੱਪੜੇ ਤੇ ਅੰਗਰੇਜ਼ੀ ਖਾਣ-ਪੀਣ ਨੂੰ ਤਵੱਜੋ ਦੇਣਾ ਆਦਿ।ਅੰਗਰੇਜ਼ ਦੀਆਂ ਹੱਥ ਠੋਕਾ ਸੁਸਾਇਟੀਆਂ ਵਲੋਂ ਅੰਗਰੇਜ਼ੀ ਅਦਾਰਿਆਂ ਵਿੱਚ ਆਪਣੇ ਮਜ਼ਹਬ ਦੇ ਲੋਕਾਂ ਨੂੰ ਨੌਕਰੀ ਦਿਵਾਉਣਾ ਆਮ ਜਿਹਾ ਹੋ ਗਿਆ ਸੀ। ਜਿਸ ਕਰਕੇ ਭਾਰਤੀ ਜ਼ਿਹਨੀ ਗੁਲਾਮੀ ਅਤੇ ਸ਼ੋਸ਼ਲ ਗਿਰਾਵਟ ਦਾ ਕਾਰਣ ਬਣ ਰਹੇ ਸਨ। ਕਿਸੇ ਦੇਸ਼ ਨੂੰ ਗੁਲਾਮ ਰੱਖਣ ਲਈ ਉਸਦੀ ਬੋਲੀ ਨੂੰ ਘਟੀਆ ਦਰਜਾ ਦੇਣਾ, ਮਜ਼ਹਬੀ ਭਿੰਨ-ਭੇਦ ਪੈਦਾ ਕਰਨਾ, ਉਸਦਾ ਸਭਿਆਚਾਰ ਤਬਾਹ ਕਰਨਾ ਕਾਫੀ ਹੁੰਦਾ ਹੈ ਸੋ ਅੰਗਰੇਜ਼ ਇਸ ਵਿੱਚ ਕਾਮਯਾਬ ਹੋ ਰਿਹਾ ਸੀ।

ਗ਼ਦਰੀ ਦੇਸ਼ ਭਗਤ ਵੀ ਭੁੱਖ ਨੰਗ ਨਾਲ ਜੂਝਦੇ ਵਿਦੇਸ਼ਾਂ ਦੀ ਧਰਤੀ ਤੇ ਰੋਟੀ ਰੋਜ਼ੀ ਲਈ ਹੀ ਪਹੁੰਚੇ ਸਨ ਕਿਉਂਕਿ ਉਸ ਤੋਂ ਪਹਿਲਾਂ 1857 ਦਾ ਗ਼ਦਰ ਅਤੇ ਕੂਕਾ ਲਹਿਰ ਨੂੰ ਦਬਾ ਕੇ ਅੰਗਰੇਜ਼ ਕਾਮਯਾਬ ਹੋ ਚੁੱਕਿਆ ਸੀ। ਗਰੀਬ ਜਨਤਾ ਟੈਕਸਾਂ ਦੇ ਭਾਰ ਥੱਲੇ ਜ਼ਿਹਨੀ ਗੁਲਾਮੀ ਦਾ ਸ਼ਿਕਾਰ ਹੋ ਕੇ ਤੇ ਨਾਮੁਰਾਦ ਬਿਮਾਰੀਆਂ ਨਾਲ ਮਰ ਰਹੀ ਸੀ। ਗਰੀਬ ਕਿਸਾਨ ਜਾਂ ਨਾਮ ਕਟੇ ਫੌਜੀ ਜਦੋਂ ਅਮਰੀਕਾ ਕਨੇਡਾ ਦੀ ਧਰਤੀ ਤੇ ਪਹੁੰਚੇ ਤਾਂ ਇੱਥੇ ਆ ਕੇ ਉਹਨਾਂ ਨੂੰ ਬਿਗਾਨੇਪਣ  ਤੇ ਨਸਲੀ ਵਿਤਕਰੇ ਨੇ ਜੀਣਾ ਦੁੱਭਰ ਕਰ ਦਿੱਤਾ। ਨਿੱਤ ਦਿਨ ਦੀ ਬੇਇਜ਼ਤੀ, ਗੁਲਾਮੀ ਦਾ ਅਹਿਸਾਸ, ਬੋਲੀ ਦਾ ਅੰਤਰ ਅਤੇ ਰੰਗ ਦੇ ਭੇਦ ਦੇ ਵਿਤਕਰੇ ਵਿੱਚੋਂ ਵਤਨ-ਪ੍ਰਸਤੀ ਦਾ ਜ਼ਜ਼ਬਾ ਤੇ ਅਜ਼ਾਦੀ ਦਾ ਅਹਿਸਾਸ ਪੈਦਾ ਹੋ ਗਿਆ ਸੀ।

ਇਸ ਲੇਖ ਵਿੱਚ ਗ਼ਦਰ ਪਾਰਟੀ ਵਿੱਚ ਔਰਤਾਂ ਦਾ ਰੋਲ਼ ਤੇ ਗ਼ਦਰ ਪਾਰਟੀ ਦਾ ਔਰਤਾਂ ਪ੍ਰਤੀ ਰਵੱਈਏ ਬਾਰੇ, ਭਾਰਤ ਦੀ ਅਜ਼ਾਦੀ ਦੀਆਂ ਵੀਰਾਂਗਣਾਂ ਦੇ ਯੋਗਦਾਨ ਬਾਰੇ ਅਤੇ ਗ਼ਦਰ ਪਾਰਟੀ ਦੀ ਔਰਤਾਂ ਬਾਰੇ ਭਾਵਨਾ ਤੇ ਸਮਝ ਬਾਰੇ ਗੱਲ ਕਰਨਾ ਚਾਹਾਂਗੀ। ਜਦੋਂ 1913 ਵਿੱਚ ਗ਼ਦਰ ਪਾਰਟੀ ਬਣੀ ਤਾਂ ਇਸ ਪਾਰਟੀ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਇਹ ਉਹ ਸੋਹਣ ਸਿੰਘ ਸੀ ਜਿਸਨੇ ਇਕੱਲਾ ਬੱਚਾ ਹੋਣ ਕਰਕੇ, ਪਿਤਾ ਦੀ ਸਰਪ੍ਰਸਤੀ ਤੋਂ ਬਿਨ੍ਹਾਂ, ਨਸ਼ਿਆਂ ਅਤੇ ਜੁੰਡੀ ਦੇ ਯਾਰਾਂ ਦੇ ਧੱਕੇ ਚੜ੍ਹ ਕੇ, ਤਿੰਨ ਔਰਤਾਂ ਦੇ ਪਿਆਰ ਦੀ ਬਲੀ ਦੇ ਕੇ 16 ਸਾਲ ਦੀ ਉਮਰ ਤੋਂ ਲੈ ਕੇ 25 ਸਾਲ ਦੀ ਉਮਰ ਤੱਕ 65 ਏਕੜ ਜ਼ਮੀਨ ਅਯਾਸ਼ੀ ਦੇ ਵਿੱਚ ਉਡਾ ਦਿੱਤੀ ਸੀ। ਜਦੋਂ 10 ਸਾਲ ਬਾਅਦ ਉਹ ਬਾਬਾ ਕੇਸਰ ਸਿੰਘ ਨਾਮਧਾਰੀ ਕੂਕਾ ਲਹਿਰ ਦੇ ਸੰਪਰਕ ਵਿੱਚ ਆਏ ਅਤੇ ਉਹਨਾਂ ਦੇ ਪ੍ਰਭਾਵ ਹੇਠ ਜ਼ਿੰਦਗੀ ਦੇ ਅਰਥਾਂ ਨੂੰ ਸਮਝਣ ਦਾ ਤਹੱਈਆ ਕਰਨ ਲੱਗੇ ਤਾਂ ਉਹਨਾਂ ਦੇ ਖਿਆਲਾਂ ਦੀ ਪੂਰਤੀ ਲਈ ਉਹਨਾਂ ਦੇ ਰਾਹਾਂ ਤੇ ਚੱਲਣਾ ਜਰੂਰੀ ਸੀ। ਇਸ ਲਹਿਰ ਦਾ ਰਾਹ ਅੰਧਵਿਸ਼ਵਾਸ, ਅਗਿਆਨਤਾ, ਵਹਿਮ-ਭਰਮ, ਬੁੱਤ ਜਾਂ ਕਬਰਾਂ ਦੀ ਪੂਜਾ, ਨਸ਼ਿਆਂ ਦੇ ਖਿਲਾਫ, ਕੁੜੀਆਂ ਮਾਰਨ ਤੇ ਵੇਚਣ ਦਾ ਵਿਰੋਧ ਅਤੇ ਔਰਤਾਂ ਦੇ ਹੱਕਾਂ ਦੀ ਲੜਾਈ ਲਈ ਲਾਮਬੰਦ ਹੋਣਾ ਸੀ।ਇਹਨਾਂ ਗੱਲਾਂ ਤੇ ਲੋਕਾਂ ਨੂੰ ਲਾਮਬੰਦ ਕਰਕੇ ਬਾਅਦ ਵਿੱਚ ਅਜ਼ਾਦੀ ਦੀ ਲੜਾਈ ਸਾਮਰਾਜ ਦੇ ਵਿਰੁੱਧ ਹੋਵੇ।ਇਸ ਕਰਕੇ ਹੀ 1857 ਦੇ ਗ਼ਦਰ ਤੇ ਕੂਕਾ ਲਹਿਰ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤ ਮਰਦਾਂ ਤੇ ਔਰਤਾਂ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ।ਜਿਵੇਂ ਔਰਤਾਂ ਰਾਣੀ ਝਾਂਸੀ ਤੇ ਬੇਗਮ ਹਜ਼ਰਤ ਮਹੱਲ।

ਰਾਣੀ ਲਖਸ਼ਮੀ ਮੌਲਵੀ ਸ਼ਾਹ ਐਹਮਦ, ਤੋਪੀ ਤਾਂਤੀਆਂ ਬੀਰ ਬਲਵਾਨ ਹੋ ਗਏ।

ਲੜਿਆ ਵਿੱਚ ਮੈਦਾਨ ਦੇ ਮੰਗਲ ਪਾਂਡੇ, ਨਾਲ ਪੂਰਬੀ ਕਈ ਜਵਾਨ ਹੋ ਗਏ।

ਕੀਤਾ ਕੂਕਿਆਂ ਕੱਠ ਪੰਜਾਬ ਅੰਦਰ, ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।

ਬੱਚੇ ਔਰਤਾਂ ਕਈ ਹਜ਼ਾਰ ਕੂਕੇ, ਖਾਤਰ ਦੇਸ਼ ਦੀ ਲਹੂ ਲੁਹਾਣ ਹੋ ਗਏ।

ਹਸਰਤ ਮੁਹਾਣੀ ਤੇ ਮੌਲਵੀ ਬਰਕਤੁੱਲਾ, ਸੂਫੀ ਸਾਫ ਦਿਲ ਵਿੱਚ ਈਰਾਨ ਹੋ ਗਏ।

ਹੱਥ ਪਕੜ ਤਲਵਾਰ ਮੈਦਾਨ ਆਈ, ਬੋਲੇ ਦੁਸ਼ਮਣਾਂ ਤਾਈਂ ਵੰਗਾਰ ਭੀ ਸੀ।

ਜੀਉਂਦੀ ਜਾਨ ਨਾ ਪਿਛਾਂ ਨੂੰ ਮੂੰਹ ਕੀਤਾ, ਓਹ ਸਪੁੱਤਰੀ ਹਿੰਦ ਦੁਲਾਰ ਭੀ ਸੀ।

ਮਰਦਾਂ ਵਾਂਗ ਦੁਲਾਰੀ ਨੇ ਹੱਥ ਕੀਤੇ, ਓਹ ਸਪੁੱਤਰੀ ਲਖਸ਼ਮੀ ਨਾਰ ਭੀ ਸੀ।

ਰਾਣੀ ਲਖਛਮੀ ਲੱਛਮੀ ਰੂਪ ਧਰ ਕੇ, ਹਿੰਦੋਸਤਾਨ ਨੂੰ ਲਿਆ ਉਭਾਰ ਭੀ ਸੀ।

ਬੇਗਮ ਹਜ਼ਰਤ ਮਹੱਲ ਅਵਧ ਦੇ ਨਵਾਬ ਵਾਜਦ ਅਲੀ ਦੀ ਬੇਗਮ ਸੀ। ਜਦੋਂ ਅੰਗਰੇਜ਼ਾਂ ਨੇ ਗ੍ਰਿਫਤਾਰ ਕਰਕੇ ਕਲਕੱਤੇ ਭੇਜਿਆ ਪਰ ਬੇਗਮ ਹਜ਼ਰਤ ਲਖਨਾਊ ਵਿੱਚ ਹੀ ਰਹੀ ਅਤੇ 1857 ਦੇ ਗ਼ਦਰ ਵਿੱਚ ਬਾਗ਼ੀ ਫੌਜਾਂ ਦੀ ਖੁਦ ਮੈਦਾਨ-ਏ-ਜੰਗ ਵਿੱਚ ਅਗਵਾਈ ਕੀਤੀ ਤਾਂ ਗਿਆਰਾਂ ਦਿਨਾਂ ਦੇ ਅੰਦਰ ਅੰਦਰ ਸਾਰੇ ਇਲਾਕੇ ਤੇ ਗ਼ਦਰੀਆਂ ਦਾ ਕਬਜ਼ਾ ਹੋ ਗਿਆ। ਸੱਤਰ ਅੱਸੀ ਹਜ਼ਾਰ ਫੌਜੀ ਇਸ ਬਹਾਦਰ ਔਰਤ ਦੀ ਕਮਾਨ ਹੇਠ ਲੜ ਰਹੇ ਸਨ। ਨੇਪਾਲ ਦੇ ਰਾਜੇ ਨੇ ਅੰਗਰੇਜ਼ਾਂ ਦੀ ਮੱਦਦ ਲਈ ਫੌਜ ਭੇਜ ਦਿੱਤੀ ਤੇ ਉਹਨਾਂ ਨੇ ਲਖਨਾਊ ਤੇ ਕਬਜ਼ਾ ਕਰ ਲਿਆ ਤਾਂ ਹਜ਼ਰਤ ਮਹੱਲ ਨੂੰ ਲਖਨਊ ਛੱਡਣਾ ਪਿਆ। ਬਾਅਦ ਵਿੱਚ ਵੀ ਉਸਨੇ ਦ੍ਰਿੜਤਾ ਨਾਲ ਲੜਾਈਆਂ ਲੜੀਆਂ ਪਰ ਫਿਰ ਅੰਗਰੇਜ਼ਾਂ ਨੇ ਇਹ ਚਾਲ ਵੀ ਚੱਲੀ ਕਿ ਅਸੀਂ ਕਿਸੇ ਦੇ ਇਲਾਕੇ ਤੇ ਕਬਜ਼ਾ ਨਹੀਂ ਕਰਾਂਗੇ, ਸਭ ਦਾ ਇਲਾਕਾ ਮੋੜ ਦਿਆਂਗੇ ਤੇ ਪੈਨਸ਼ਨਾਂ ਲਾ ਦਿਆਂਗੇ ਪਰ ਹਜ਼ਰਤ ਮਹੱਲ ਨੇ ਇਹ ਪੈਗਾਮ ਨਾ ਕਬੂਲਿਆ।

ਝਾਂਸੀ ਦੀ ਮਹਾਰਾਣੀ ਲਕਸ਼ਮੀ ਬਾਈ ਨੇ ਵੀ ਪਹਿਲੀ ਅਜ਼ਾਦੀ ਦੀ ਜੰਗ ਵਿੱਚ ਅੰਗਰੇਜ਼ਾਂ ਨੂੰ ਕਈ ਥਾਂਈ ਹਾਰ ਦਿੱਤੀ। "ਖਬਰਦਾਰ ਝਾਂਸੀ ਸਾਡੀ ਹੈ! ਅੰਗਰੇਜ਼ੋ ਆਪਣੇ ਨਾਪਾਕ ਪੈਰ ਇੱਥੇ ਨਾ ਪਾਇਓ। ਜਦ ਮੇਰੀ ਜਾਨ ਵਿੱਚ ਜਾਨ ਹੈ, ਝਾਂਸੀ ਤੁਹਾਡੇ ਹਵਾਲੇ ਨਹੀਂ ਹੋ ਸਕਦੀ।" ਇਹ ਇਸ ਬਹਾਦਰ ਔਰਤ ਦੀ ਅਵਾਜ਼ ਸੀ ਜੋ ਅੱਜ ਵੀ ਲੋਕਾਂ ਦੇ ਮਨਾਂ ਤੇ ਗੂੰਜਦੀ ਹੈ। ਜਦੋਂ ਅੰਗਰੇਜ਼ ਜਨਰਲ ਹੱਫ ਨੇ ਝਾਂਸੀ ਤੇ ਚੜ੍ਹਾਈ ਕੀਤੀ ਤਾਂ ਮੁਕਾਬਲੇ ਵਿੱਚ ਉਹ ਖੁਦ ਨਿੱਤਰ ਪਈ ਤੇ ਉਸਨੇ ਝਾਂਸੀ ਦੇ ਰਸਤੇ ਦੇ ਸਾਰੇ ਦਰਖਤ ਕਟਵਾ ਦਿੱਤੇ ਤਾਂ ਕਿ ਅੰਗਰੇਜ਼ਾਂ ਨੂੰ ਛਾਂ ਨਸੀਬ ਨਾ ਹੋਵੇ। ਉਸਦੇ ਪ੍ਰਭਾਵ ਕਾਰਣ ਝਾਂਸੀ ਦੀਆਂ ਔਰਤਾਂ ਵੀ ਜੰਗ ਵਿੱਚ ਕੁੱਦ ਪਈਆਂ ਸਨ। ਉਹ ਗ਼ਦਰੀਆਂ ਦੀਆਂ ਤੋਪਾਂ ਲਈ ਗੋਲ਼ਾ ਬਾਰੂਦ ਢੋਂਹਦੀਆਂ ਸਨ। ਇਹਨਾਂ ਔਰਤਾਂ ਨੇ ਮਰਨ ਦੀ ਪ੍ਰਵਾਹ ਨਾ ਕਰਦੇ ਹੋਏ ਕੋਠਿਆਂ ਤੋਂ ਇੱਟਾਂ, ਰੋੜੇ, ਪੱਥਰਾਂ ਦੀ ਬਾਰਸ਼ ਅੰਗਰੇਜ਼ ਫੌਜੀਆਂ ਤੇ ਕੀਤੀ। ਗਲ਼ੀ ਗਲ਼ੀ ਵਿੱਚ ਲੜਾਈ ਹੋਈ।ਰਾਣੀ ਨੇ ਜੰਗੀ ਦਾਓ ਪੇਚਾਂ ਤੇ ਘੋੜ ਸਵਾਰੀ ਦੀ ਮੁਹਾਰਤ ਆਪ ਹਾਸਲ ਕੀਤੀ ਇਸ ਕਰਕੇ ਹੀ ਉਹ ਆਪ ਤਿਆਰ ਬਰ ਤਿਆਰ ਹੋ ਕੇ ਜੰਗੇ ਮੈਦਾਨ ਵਿੱਚ ਆਪ ਨਿੱਤਰਦੀ ਇਸ ਕਰਕੇ ਹੀ ਉਸ ਨੇ ਬਹੁਤ ਸਾਰੇ ਅੰਗਰੇਜ਼ੀ ਅਫਸਰਾਂ ਤੇ ਫੌਜੀਆਂ ਨੂੰ ਆਪਣੀ ਤਲਵਾਰ ਨਾਲ ਮਾਰ ਮੁਕਾਇਆ ਸੀ। ਅਖੀਰ ਵਿੱਚ ਆਪਣੇ ਬੱਚੇ ਨੂੰ ਗੋਦ ਵਿੱਚ ਲੈ ਕੇ ਬਹਾਦਰੀ ਨਾਲ ਲੜਦਿਆਂ 18 ਜੂਨ, 1858 ਨੂੰ ਸ਼ਹੀਦ ਹੋ ਗਈ।

ਗ਼ਦਰ ਲਹਿਰ ਦੇ ਇਤਿਹਾਸ ਵਿੱਚ ਚਾਹੇ ਬਹੁਤ ਹੀ ਘੱਟ ਕਰਾਂਤੀਕਾਰੀ ਵੀਰਾਂਗਣਾਂ ਦਾ ਨਾਂ ਆਉਂਦਾ ਹੈ ਪਰ ਫਿਰ ਵੀ ਜਿੰਨੀਆਂ ਦਾ ਆਇਆ ਉਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਸਿਰ ਤੋੜ ਯਤਨ ਕੀਤੇ ਹਨ। ਮੈਂ ਜ਼ਿਕਰ ਕਰਨਾ ਚਾਹਾਂਗੀ ਮੈਡਮ ਕਾਮਾ ਜੀ ਦਾ। ਜਿਹੜੀ ਇੱਕ ਅਮੀਰ ਘਰ ਵਿੱਚ ਪੜ੍ਹ ਲਿਖ ਕੇ, ਵਕੀਲ ਪਤੀ ਨਾਲ ਵਿਆਹੁਤਾ ਜੀਵਨ ਬਸਰ ਕਰਕੇ ਜ਼ਿੰਦਗੀ ਦੀਆਂ ਸਭ ਸੁੱਖ ਸਹੂਲਤਾਂ ਮਾਣ ਸਕਦੀ ਸੀ ਪਰ ਉਸਦੇ ਦਿਲ ਵਿੱਚ ਦੇਸ਼ ਦੀ ਗੁਲਾਮੀ ਦਾ ਨਾਸੂਰ ਇੰਨਾ ਦਰਦ ਕਰਦਾ ਸੀ ਕਿ ਉਸਨੇ ਸਾਰੇ ਸੁੱਖ ਅਰਾਮ ਛੱਡ ਕੇ 1907 ਵਿੱਚ ਇੰਗਲੈਂਡ ਜਾ ਕੇ ਹਥਿਆਰਬੰਦ ਇਨਕਲਾਬ ਦਾ ਝੰਡਾ ਚੁੱਕਿਆ। ਕਹਿ ਸਕਦੇ ਹਾਂ ਕਿ ਹਥਿਆਰਬੰਦ ਘੋਲ ਦੀ ਦੇਣ ਮੈਡਮ ਕਾਮਾ ਤੇ ਲਾਲਾ ਹਰਦਿਆਲ ਦੇ ਵਿਚਾਰਾਂ, ਸੋਚ ਤੇ ਉੱਦਮ ਦਾ ਸਿੱਟਾ ਹੈ ਜਿਸ ਵਿੱਚੋਂ ਗ਼ਦਰ ਲਹਿਰ ਨੇ ਜਨਮ ਲਿਆ। ਮੈਡਮ ਕਾਮਾ ਦੇ ਭਾਸ਼ਨ ਸੁੱਤੀਆਂ ਧੜਕਣਾਂ ਨੂੰ ਜਗਾ ਕੇ ਉਹਨਾਂ ਵਿੱਚ ਰੂਹ ਫੂਕ ਦਿੰਦੇ ਸਨ। ਇਸ ਕਰਕੇ ਹੀ ਹਿੰਦੋਸਤਾਨ ਦੇ ਦੇਸ਼ ਭਗਤ ਅਤੇ ਯੂਰਪ ਇੰਗਲੈਂਡ ਦੇ ਸਮਾਜਵਾਦੀ ਇਨਕਲਾਬੀ ਲੋਕ ਉਸ ਨੂੰ ਮਾਣ ਸਤਿਕਾਰ ਨਾਲ "ਭਾਰਤ ਦੇ ਇਨਕਲਾਬ ਦੀ ਮਾਤਾ" ਕਹਿੰਦੇ ਸਨ। ਉਸ ਨੇ ਐਲਾਨੀਆ ਆਖਿਆ, "ਸ਼ਕਤੀ ਅਤੇ ਹਿੰਸਾ ਜਰੂਰੀ ਹੋ ਗਏ ਹਨ ਅਤੇ ਇਹਨਾਂ ਤੋਂ ਬਿਨਾਂ ਮੁਕਤੀ ਪ੍ਰਾਪਤ ਕਰਨ ਦਾ ਸੁਪਨਾ ਲੈਣਾ ਕੇਵਲ ਇੱਕ ਹਾਸੋਹੀਣੀ ਗੱਲ ਹੈ।ਸਾਨੂੰ ਸਾਰੇ ਅਮਨ ਭਰਭੂਰ ਢੰਗ ਤਰੀਕਿਆਂ ਤੋਂ ਰੋਕਿਆ ਗਿਆ ਹੋਵੇ। ਮੈਂ ਇੱਕ ਇਸਤਰੀ ਹੋਣ ਦੇ ਨਾਤੇ ਹਿੰਸਾ ਕਰਨ ਉੱਪਰ ਇਤਰਾਜ਼ ਕਰਾਂ, ਅਜ਼ਾਦੀ ਦੀ ਕੀਮਤ ਤਾਂ ਤਾਰਨੀ ਹੀ ਪੈਂਦੀ ਹੈ। ਕਿਹੜੀ ਕੌਮ ਹੈ ਜਿਸ ਨੇ ਇਹ ਕੀਮਤ ਤਾਰਨ ਤੋਂ ਬਿਨਾਂ ਇਸ ਨੂੰ ਪ੍ਰਾਪਤ ਕੀਤਾ ਹੋਵੇ?" ਉਸਨੇ ਇੱਕ ਥਾਂ ਤੇ ਇਹ ਵੀ ਲਿਖਿਆ ਹੈ ਕਿ, "ਜੇਕਰ ਤੁਸੀਂ ਅਜ਼ਾਦੀ ਚਾਹੁੰਦੇ ਹੋ ਤਾਂ ਤੁਹਾਨੂੰ ਇਸਦੇ ਪੂਰੇ ਮੁੱਲ ਦਾ ਪਤਾ ਹੋਣਾ ਚਾਹੀਦਾ ਹੈ। ਅਜ਼ਾਦੀ ਤਿੰਨ ਗੱਲਾਂ ਦੀ ਮੰਗ ਕਰਦੀ ਹੈ----ਮੁਸੀਬਤਾਂ, ਕੁਰਬਾਨੀ ਤੇ ਖ਼ੂੰਨ।" ਇਹੋ ਜਿਹਾ ਪ੍ਰਪੱਕ ਇਰਾਦਾ ਰੱਖਣ ਵਾਲੀ ਔਰਤ ਮੈਡਮ ਕਾਮਾ ਜਿਸਨੇ ਆਪਣੇ ਹੱਥੀਂ ਬਣਾ ਕੇ ਭਾਰਤ ਦਾ ਕੌਮੀ ਝੰਡਾ ਪਹਿਲੀ ਵਾਰੀ ਐਤਵਾਰ 18 ਅਗਸਤ, 1907 ਨੂੰ

ਇੰਟਰਨੈਸ਼ਨਲ ਸ਼ੋਸਲਿਸਟ ਕਾਂਗਰਸ ਦੇ ਮਹਾਨ ਇਕੱਠ ਵਿੱਚ ਝੁਲਾਇਆ ਸੀ। ਦੁਨੀਆਂ ਦੇ ਸਾਰੇ ਪ੍ਰਤੀਨਿਧਾਂ ਨੇ ਉਸਨੂੰ ਸਲਾਮੀ ਦਿੱਤੀ ਸੀ। ਮੈਡਮ ਕਾਮਾ ਕ੍ਰਾਂਤੀਕਾਰੀ ਹੋਣ ਦੇ ਨਾਲ ਨਾਲ ਨਾਰੀ ਵਰਗ ਦੀ ਯੋਗਤਾ ਤੇ ਭੂਮਿਕਾ ਬਾਰੇ ਬਹੁਤ ਸੁਚੇਤ ਸੀ ਇਸ ਕਰਕੇ ਉਸਨੇ ਮਿਸਰ ਵਿੱਚ ਲੋਕਾਂ ਦੇ ਭਰੇ ਇਕੱਠ ਵਿੱਚ ਸਾਥੀਆਂ ਨੂੰ ਵੰਗਾਰਿਆ ਸੀ ਕਿ, "ਮਿਸਰ ਦੀਆਂ ਔਰਤਾਂ ਕਿੱਥੇ ਹਨ? ਯਾਦ ਰੱਖੋ ਜਿਹੜੇ ਹੱਥ ਪੱਥਰਾਂ ਨੂੰ ਘੜਦੇ ਹਨ ਉਹ ਬੁੱਤਾਂ ਨੂੰ ਵੀ ਤਰਾਸਦੇ ਹਨ। ਇਸ ਲਈ ਉਹਨਾਂ ਸ਼ਕਤੀਸ਼ਾਲੀ ਹੱਥਾਂ ਨੂੰ ਅਣਡਿੱਠ ਨਾ ਕਰੋ।"

ਗ਼ਦਰ ਲਹਿਰ ਦੀ ਗੱਲ ਕਰਦਿਆਂ ਇੱਕ ਅਮਰੀਕਨ ਔਰਤ ਕੁਮਾਰੀ ਐਗਨੀਜ਼ ਸਮੈਡਲੀ ਜਿਸਨੇ ਗ਼ਦਰ ਲਹਿਰ ਦੀ ਸਮਰਥੱਕ ਜਾਂ ਗ਼ਦਰ ਲਹਿਰ ਦੇ ਕੁੱਝ ਦਸਤਾਵੇਜ਼ਾਂ ਦੀ ਹਿਫਾਜ਼ਤ ਜਾਂ ਪਾਰਟੀ ਦੇ ਭੇਤਾਂ ਨੂੰ ਲੁਕਾਉਣ ਬਦਲੇ ਅਤਿਅੰਤ ਦੁੱਖ ਸਹੇ ਦਾ ਵੀ ਜ਼ਿਕਰ ਕਰਨਾ ਬਣਦਾ ਹੈ। ਉਸਨੇ ਸੁਤੰਤਰਤਾ ਸੰਗਰਾਮੀਆਂ ਦੇ ਵਿਸ਼ਵਾਸ਼ ਨੂੰ ਕਿਵੇਂ ਸਿਰ ਤੋੜ ਨਿਭਾਇਆ ਚਾਹੇ ਉਸਨੂੰ ਕਿੰਨੇ ਹੀ ਇਮਤਿਹਾਨਾਂ ਵਿੱਚੋਂ ਲੰਘਣਾ ਪਿਆ, ਜਿਵੇਂ ਉਸ ਨਾਲ ਹੱਥੋ ਪਾਈ ਕੀਤੀ ਗਈ, ਉਸਨੂੰ ਤੰਗ ਕਾਲ ਕੋਠੜੀ ਵਿੱਚ ਬੰਦ ਰੱਖਿਆ ਗਿਆ, ਮੰਗਣ ਤੇ ਪਾਣੀ ਨਾ ਦੇਣਾ, ਠੰਢ ਵਿੱਚ ਕੱਪੜਾ ਨਾ ਦੇਣਾ, ਵਾਰ ਵਾਰ ਡਰਾਉਣਾ ਧਮਕਾਉਣਾ ਤਾਂ ਆਮ ਗੱਲ ਸੀ ਉਹ ਆਪਣੇ ਵਿਸ਼ਵਾਸ਼ ਤੇ ਕਾਇਮ ਰਹਿ ਕੇ ਆਖਰ ਤੱਕ ਬਹਾਦਰੀ ਨਾਲ ਡਟੀ ਰਹੀ।ਉਸਨੇ ਬਾਅਦ ਵਿੱਚ "ਧਰਤੀ ਦੀ ਜਾਈ' ਕਿਤਾਬ ਲਿਖ ਕੇ ਉਸ ਵਿੱਚ ਭਾਰਤੀਆਂ ਨਾਲ ਹੋ ਰਹੀਆਂ ਵਧੀਕੀਆਂ , ਗ਼ਦਰ ਲਹਿਰ ਦੇ ਸਾਥੀਆਂ ਦੀ ਭਾਰਤ ਪ੍ਰਤੀ ਚਿੰਤਾ, ਫਰਜ਼ ਤੇ ਆਤਮ ਸਵੈਮਾਣ ਦਾ ਜ਼ਿਕਰ ਬਾਖੂਬੀ ਕੀਤਾ ਹੈ, ਉਹ ਲਿਖਦੀ ਹੈ ਕਿ, "ਮੇਰੇ ਲਈ ਹਿੰਦੋਸਤਾਨੀ ਮੇਰੇ ਫਰਜ਼ ਤੇ ਜ਼ਿੰਮੇਵਾਰੀ ਦਾ ਚਿੰਨ੍ਹ ਬਣ ਗਏ ਸਨ। ਉਹਨਾਂ ਨੇ ਮੇਰੇ ਪਿਤਾ, ਮੇਰਾ ਭਰਾ, ਜੋ ਮਰ ਚੁੱਕਾ ਹੈ, ਦੀ ਥਾਂ ਲੈ ਲਈ ਸੀ, ਅਜੇਹੇ ਭਰਾ ਦੀ, ਜਿਸਦੀ ਹੋਣੀ ਹਾਲੇ ਅਨਿਸ਼ਚਿਤ ਸੀ।"

ਗ਼ਦਰ ਅਖ਼ਬਾਰ ਜਦੋਂ ਦੇਸ਼ਾਂ ਬਿਦੇਸ਼ਾਂ ਵਿੱਚ ਪਹੁੰਚਣ ਲੱਗਾ ਤਾਂ ਜ਼ਿਹਨੀ ਗੁਲਾਮੀ ਹੰਢਾ ਰਹੇ ਭਾਰਤੀਆਂ ਦੇ ਮਨਾਂ ਤੇ ਪਏ ਜ਼ਾਲ਼ੇ ਇੱਕ ਇੱਕ ਕਰਕੇ ਉਤਰਨ ਲੱਗੇ ਅਤੇ ਉਹ ਗ਼ਦਰ ਪਾਰਟੀ ਦੇ ਸੱਦੇ ਤੇ ਦੇਸ਼ ਨੂੰ ਅਜ਼ਾਦ ਕਰਾਉਣ ਜਾਣ ਨੂੰ ਵਹੀਰਾਂ ਘੱਤ ਦਿੱਤੀਆਂ। ਇਸੇ ਤਰ੍ਹਾਂ ਫਿਲਪਾਈਨ ਤੋਂ ਗ਼ਦਰੀ ਬੀਬੀ ਗੁਲਾਬ ਕੌਰ ਆਪਣੇ ਪਤੀ ਦਾ ਵਿਰੋਧ ਕਰਕੇ ਦੇਸ਼ ਦੀ ਅਜ਼ਾਦੀ ਲਈ ਜੂਝ ਪਈ। ਇਸ ਨੇ ਭਾਰਤ ਜਾ ਕੇ ਹਰ ਉਹ ਸੰਭਵ ਕੰਮ ਕੀਤਾ ਜੋ ਪਾਰਟੀ ਦੇ ਕੰਮ ਆ ਸਕਦਾ ਸੀ। ਗ਼ਦਰੀਆਂ ਨੂੰ ਕਮਰਾ ਕਿਰਾਏ ਤੇ ਲੈ ਕੇ ਦੇਣਾ, ਗੁਪਤ ਸੁਨੇਹੇ, ਹਥਿਆਰ, ਲਿਟਰੇਚਰ ਥਾਂ ਥਾਂ ਪਹੁੰਚਦਾ ਕਰਨਾ। ਅੰਦਰ ਗ਼ਦਰੀਆਂ ਦੀਆਂ ਮੀਟਿੰਗਾਂ ਹੋਣੀਆਂ ਤਾਂ ਉਸ ਨੇ ਬਾਹਰ ਚਰਖਾ ਕੱਤਣ ਦੇ ਬਹਾਨੇ ਪਹਿਰਾ ਦੇਣਾ। ਇਹ ਸਾਰੇ ਕੰਮ ਉਹ ਭੇਸ ਬਦਲ ਬਦਲ ਕੇ ਕਰਦੀ। ਆਖਰ ਸੂਹ ਮਿਲਣ ਤੇ ਗ੍ਰਿਫਤਾਰ ਕਰ ਲਈ ਗਈ। ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਬੀਬੀ ਗੁਲਾਬ ਕੌਰ ਨੂੰ ਗ਼ਦਰੀਆਂ ਦੇ ਨਾਂ ਤੇ ਪਤੇ ਟਿਕਾਣੇ ਪੁੱਛਣ ਲਈ ਅਨੇਕ ਤਰ੍ਹਾਂ ਦੇ ਤਸੀਹੇ ਤੇ ਕਸ਼ਟ ਦਿੱਤੇ ਗਏ। ਪਰ ਉਸ ਸ਼ੇਰਨੀ ਨੇ ਸਾਰੇ ਦੁੱਖ ਤਸੀਹੇ ਤਾਂ ਹੱਡਾਂ ਤੇ ਹੰਢਾਏ ਪਰ ਦੇਸ਼ ਭਗਤਾਂ ਬਾਰੇ ਇੱਕ ਸ਼ਬਦ ਵੀ ਮੂੰਹੋਂ ਨਾ ਕੱਢਿਆ। 27 ਦਸੰਬਰ 1916 ਨੂੰ ਛੱਡ ਤਾਂ ਦਿੱਤਾ ਪਰ 15-16 ਸਾਲ ਪੁਲੀਸ ਉਹਦੇ ਤੇ ਨਜ਼ਰ ਰੱਖਦੀ ਰਹੀ। ਉਹ ਸੰਗਰਾਮਣ ਅਜ਼ਾਦੀ ਦਾ ਮੂੰਹ ਦੇਖਣ ਤੋਂ ਪਹਿਲਾਂ ਹੀ 1941 ਵਿੱਚ ਉਸਦਾ ਦੇਹਾਂਤ ਹੋ ਗਿਆ।

ਇੱਕ ਹੋਰ ਗ਼ਦਰ ਲਹਿਰ ਦੀ ਕਾਰਕੁੰਨ ਦਾ ਨਾਂ ਵਰਣਨ ਕੀਤਾ ਜਾਂਦਾ ਹੈ। ਪ੍ਰੀਤੀ ਲਤਾ ਜੋ ਚਿਟਾਗਾਉਂ ਦੇ ਗੋਪਾਲ ਪਾਰਾ ਪਿੰਡ ਦੀ ਜੰਮਪਲ ਸੀ। ਉਸ ਨੇ ਅੰਗਰੇਜ਼ਾਂ ਦੀ ਪਹਾੜਤਲੀ ਯੂਰਪੀ ਕਲੱਬ ਤੇ ਬੰਬ ਨਾਲ ਹਮਲਾ ਕੀਤਾ ਸੀ।ਅੰਤ ਵਿੱਚ ਚਿਟਾਗਾਂਗ ਪੁਲਸ ਮੁਕਾਬਲੇ ਵਿੱਚ 24 ਸਤੰਬਰ, 1932 ਨੂੰ ਸ਼ਹੀਦ ਹੋ ਗਈ। ਇੱਕ ਹੋਰ ਵੀਰਾਂਗਣ ਕਾਂਤਾ ਲਤਾ ਬਰੂਆ ਜਿਸਦਾ ਜਨਮ ਬੋਰੰਗਾਵਾੜੀ ਵਿਖੇ ਅਸਾਮ ਵਿੱਚ ਹੋਇਆ। ਭਾਰਤ ਛੱਡੋ ਅੰਦੋਲਨ ਦੌਰਾਨ ਪੁਲਸ ਸਟੇਸ਼ਨ 'ਤੇ ਤਿਰੰਗਾ ਲਹਿਰਾਉਂਦਿਆਂ 20 ਸਤੰਬਰ, 1942 ਨੂੰ ਅੰਗਰੇਜ਼ਾਂ ਦੀ ਗੋਲ਼ੀ ਨਾਲ ਸ਼ਹੀਦ ਹੋ ਗਈ।

ਭਾਰਤ ਵਿੱਚ ਬਰਤਾਨਵੀ ਸਾਮਰਾਜ ਦੀ ਪੁਲਸ ਦੇਸ਼ ਭਗਤਾਂ ਨੂੰ ਹਰ ਵਕਤ ਕੁੱਤਿਆਂ ਵਾਂਗ ਸੁੰਘਦੀ ਫਿਰਦੀ ਸੀ, ਦਹਿਸ਼ਤ ਦੀ ਵਜਾਹ ਕਰਕੇ ਲੋਕ ਦੇਸ਼ ਭਗਤਾਂ ਤੋਂ ਕੰਨੀਂ ਕਤਰਾਉਂਦੇ ਸਨ। ਬਹੁਤੇ ਗੁਰਦਵਾਰੇ ਵੀ ਅੰਗਰੇਜ਼ਾਂ ਦੇ ਕਿੱਸੇ ਗਾਉਣ ਵਾਲੇ ਅੱਡੇ ਬਣ ਗਏ ਸਨ ਅਤੇ ਉਹਨਾਂ ਨੇ ਗ਼ਦਰੀਆਂ ਨੂੰ ਸਿੱਖ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਗ਼ਦਰੀਆਂ ਦੇ ਬਹੁਤ ਹੀ ਭਰੋਸੇਯੋਗ ਭਾਈ ਬੋਘ ਸਿੰਘ ਜਿਹੜੇ ਗੁਰਦਵਾਰਾ ਝਾੜ ਸਾਹਿਬ ਦੇ ਗਰੰਥੀ ਸਨ ਉੱਥੇ ਗ਼ਦਰੀਆਂ ਦਾ ਗੜ੍ਹ ਬਣ ਗਿਆ ਸੀ, ਉਸਦਾ ਕਾਰਣ ਕਿ ਭਾਈ ਬੋਘ ਸਿੰਘ ਦਾ ਪਰਿਵਾਰ ਉਹਨਾਂ ਦੀ ਪੂਰੀ ਹਿਫਾਜ਼ਤ ਕਰ ਰਿਹਾ ਸੀ। ਪਰਿਵਾਰ ਦੀ ਮੁਖੀ ਮਾਤਾ ਜਸ ਕੌਰ ਆਏ ਗਏ ਗ਼ਦਰੀਆਂ ਨੂੰ ਸਾਂਭਦੀ ਤੇ ਉਹਨਾਂ ਦੇ ਰੋਟੀ ਪਾਣੀ ਦਾ ਜੁਗਾੜ ਕਰਦੀ। ਸਾਰੇ ਖਤਰਿਆਂ ਨੂੰ ਜਾਣਦੀ ਹੋਈ ਵੀ ਉਸਦੇ ਆਪਣਾ ਸਿਦਕ, ਸਿਰੜ ਤੇ ਜੇਰਾ ਕਾਇਮ ਰੱਖਿਆ ਕਿ ਹੋ ਸਕਦਾ ਹੈ ਕਿ ਬਹੁਤ ਸਾਰੀਆਂ ਮੁਸੀਬਤਾਂ ਉਹਦੇ ਬੱਚਿਆਂ ਤੇ ਵੀ ਟੁੱਟ ਪੈਣ। ਸਿੱਟਾ ਇਹੀ

ਹੋਇਆ ਕਿ ਮਾਤਾ ਜੱਸ ਕੌਰ ਤੇ ਉਸਦੇ ਸਭ ਤੋਂ ਛੋਟੇ ਨਾਬਾਲਗ਼ ਪੁੱਤਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਲੋਕਾਂ ਦੇ ਦਬਾਅ ਕਰਕੇ ਬਾਅਦ ਵਿੱਚ ਛੱਡਿਆ ਗਿਆ ਪਰ ਪੁੱਤਰ ਨੂੰ ਛੇ ਮਹੀਨੇ ਜੇਲ੍ਹ ਵਿੱਚ ਰੱਖਿਆ ਤੇ ਅੰਤਾਂ ਦਾ ਜ਼ੁਲਮ ਇਸ ਪਰਿਵਾਰ ਤੇ ਕੀਤਾ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਚਾਹੇ ਇਤਿਹਾਸ ਵਿੱਚ ਕੁੱਝ ਕੁ ਔਰਤਾਂ ਦਾ ਨਾਂ ਹੀ ਆਉਂਦਾ ਹੈ ਪਰ ਇਸ ਦੇ ਪਿਛੇ ਛੁਪੀ ਸੱਚਾਈ ਜੋ ਸਮੇਂ ਦੀ ਸਰਕਾਰ ਨੇ ਸਾਹਮਣੇ ਨਹੀਂ ਆਉਣ ਦਿੱਤੀ। ਜਿਸ ਵਿੱਚ ਅਨੇਕਾਂ ਗੁੰਮਨਾਮ ਗ਼ਦਰੀ ਵੀਰ ਤੇ ਭੈਣਾਂ ਜਿਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਸਿਰ ਤੋੜ ਯਤਨ ਕੀਤੇ ਪਰ ਉਹਨਾਂ ਨੇ ਗੁੰਮਨਾਮੀ ਦੀ ਜ਼ਿੰਦਗੀ ਜੀਵੀ ਜਾਂ ਮਰ ਗਏ ਕਿਉਂਕਿ ਇਹ ਐਡਾ ਵੱਡਾ ਸੰਘਰਸ਼ ਹੱਥਾਂ ਦੀਆਂ ਉਂਗਲਾਂ ਤੇ ਗਿਣੇ ਜਾਣ ਵਾਲੇ ਲੋਕਾਂ ਦਾ ਨਹੀਂ ਸੀ ਸਗੋਂ ਭਾਰਤ ਦੀ ਸਮੁੱਚੀ ਜਨਤਾ ਦਾ ਸੀ ਜਿਸ ਵਿੱਚ ਉਹਨਾਂ ਨੇ ਆਪਾ ਕੁਰਬਾਨ ਕਰ ਦਿੱਤਾ। ਜਿਹੜੀਆਂ ਔਰਤਾਂ ਨੇ ਆਪਣੇ ਪਤੀਆਂ ਨੂੰ ਜੰਗ ਵਿੱਚ ਤੋਰਿਆ ਤੇ ਆਪ ਨਰਕਾਂ ਦੀ ਜ਼ਿੰਦਗੀ ਜਿਉਂਦੀਆਂ ਰਹੀਆਂ ਅਤੇ ਬੱਚਿਆਂ ਨੂੰ ਪਾਲ਼ਦੀਆਂ ਰਹੀਆਂ ਉਹਨਾਂ ਦੀ ਕੁਰਬਾਨੀ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਦੂਸਰੀ ਗੱਲ ਜਿਹੜੀ ਮੈਂ ਇੱਥੇ ਕਰਨੀ ਹੈ ਕਿ ਗ਼ਦਰੀਆਂ ਦਾ ਔਰਤਾਂ ਪ੍ਰਤੀ ਰਵੱਈਆ ਕੀ ਸੀ। ਜਿਵੇਂ ਆਪਾਂ ਸਿਰਫ ਕੁੱਝ ਔਰਤਾਂ ਦਾ ਜ਼ਿਕਰ ਸੁਣਦੇ ਹਾਂ ਪਰ ਅਸੀ ਕਿਤੇ ਵੀ ਬਾਬਿਆਂ ਦੇ ਭੈੜੇ ਆਚਰਣ ਦੀ ਗੱਲ ਕਦੇ ਵੀ ਕਿਤੇ ਪੜ੍ਹੀ ਸੁਣੀ ਨਹੀਂ ਕਿਉਂਕਿ ਉਹ ਉੱਚੇ ਸੁੱਚੇ, ਦੂਰ ਅੰਦੇਸ਼, ਮਿਹਨਤੀ, ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਕੁਰਬਾਨੀ ਦਾ ਜ਼ਜ਼ਬਾ ਰੱਖਣ ਵਾਲੇ, ਅਣਖੀ, ਧਰਮ-ਨਿਰਪੱਖ, ਏਕਤਾ ਦੇ ਮੱਦਈ, ਜਾਤਾਂ-ਪਾਤਾਂ, ਛੂਤ-ਛੂਤਾਂ, ਔਖੈ ਪੈਂਡਿਆਂ ਤੇ ਅਡੋਲ ਚੱਲਣ ਵਾਲੇ, ਸਿਦਕ, ਸਿਰੜ ਦੇ ਮੁਜੱਸਮੇ ਸਨ। ਇਹ ਲਹਿਰ ਜਿਵੇਂ ਮੈਂ ਪਹਿਲਾਂ ਦੱਸ ਚੁੱਕੀ ਹਾਂ ਕਿ ਕੂਕਾ ਲਹਿਰ ਦੇ ਨਕਸ਼ ਕਦਮਾਂ ਤੇ ਚਲਦੀ ਹੋਈ ਅੱਗੇ ਵਧੀ ਸੀ। ਇਹਨਾਂ ਨੇ ਵੀ ਕੁੜੀਮਾਰਾਂ ਤੇ ਨੜੀਮਾਰਾਂ ਦਾ ਡੱਟ ਕੇ ਵਿਰੋਧ ਕੀਤਾ ਅਤੇ ਔਰਤਾਂ ਨੂੰ ਪੜ੍ਹਾਉਣ ਦੇ ਲਈ ਲੋਕਾਂ ਵਿੱਚ ਆਵਾਜ਼ ਪੈਦਾ ਕੀਤੀ। ਜਿਸਦਾ ਸਬੂਤ ਇਹ ਹੈ ਕਿ ਬਾਬਾ ਸੋਹਣ ਸਿੰਘ ਭਕਨਾ ਨੇ ਪਹਿਲਾਂ ਸਾਢੇ 8 ਏਕੜ ਜ਼ਮੀਨ ਸਕੂਲ ਨੂੰ ਦੇ ਦਿੱਤੀ ਸੀ। ਪਰ ਜਦੋਂ ਉਹ 1930 ਵਿੱਚ ਰਿਹਾ ਹੋ ਕੇ ਆਏ ਤਾਂ ਦੇਖਿਆ ਕਿ ਕੁੜੀਆਂ ਨੂੰ ਪੜ੍ਹਾਉਣ ਦਾ ਕੋਈ ਇੰਤਜ਼ਾਮ ਨਹੀਂ ਤਾਂ ਉਹਨਾਂ ਨੇ ਪਿੰਡ ਵਾਲਿਆਂ ਦੀ ਮੱਦਦ ਨਾਲ ਆਪਦੀ ਹਵੇਲੀ ਨੂੰ ਕੰਨਿਆ ਪਾਠਸ਼ਾਲਾ ਦਾ ਰੂਪ ਦੇ ਦਿੱਤਾ। ਅੱਧੀ ਥਾਂ ਵਿੱਚ ਸਕੂਲ ਖੋਲ੍ਹਿਆ ਤੇ ਬਾਕੀ ਅੱਧੀ ਥਾਂ ਵੇਚ ਕੇ ਉਸਦਾ ਖਰਚਾ ਉਠਾਇਆ ਤਾਂ ਕਿ ਲੋਕਾਈ ਦੀ ਅੱਧੀ ਗਿਣਤੀ ਗਿਆਨ ਤੋਂ ਵਿਹੂਣੀ ਨਾ ਹੋਵੇ।

ਉਹਨਾਂ ਦੇ ਚਰਿਤਰ ਦੀ ਦੂਸਰੀ ਮਿਸਾਲ ਜਦੋਂ ਦੇਸ਼ ਭਗਤਾਂ ਨੂੰ ਸੰਘਰਸ਼ ਕਰਨ ਲਈ ਪੈਸੇ ਇਕੱਠੇ ਕਰਕੇ ਹਥਿਆਰ ਖਰੀਦਣ ਦੀ ਲੋੜ ਪਈ ਤਾਂ ਉਹਨਾਂ ਨੇ ਡਾਕੇ ਮਾਰਨੇ ਸ਼ੁਰੂ ਕੀਤੇ। ਕਰਤਾਰ ਸਿੰਘ ਸਣੇ ਕੁੱਝ ਗ਼ਦਰੀ ਡਾਕਾ ਮਾਰਨ ਗਏ ਤਾਂ ਉਸ ਘਰ ਵਿੱਚ ਇੱਕ ਔਰਤ ਤੇ ਉਸਦੀ ਧੀ ਮੌਜੂਦ ਸਨ। ਉਸਦਾ ਵਿਆਹ ਧਰਿਆ ਹੋਇਆ ਸੀ।ਇਹਨਾਂ ਵਿੱਚੋਂ ਇੱਕ ਬੰਦੇ ਨੇ ਉਸ ਕੁੜੀ ਵੱਲ ਭੈੜੀ ਨਜ਼ਰ ਨਾਲ ਵੇਖਿਆ ਤਾਂ ਕਰਤਾਰ ਸਿੰਘ ਨੇ ਦੂਜੇ ਪਾਸੇ ਤਾਣੀ ਹੋਈ ਬੰਦੂਕ ਨੂੰ ਆਪਣੇ ਸਾਥੀ ਵੱਲ ਕਰ ਲਿਆ ਕਿ ਨਹੀਂ ਤਾਂ ਮਾਫੀ ਮੰਗ ਨਹੀਂ ਮੈਂ ਤੈਨੂੰ ਮਾਰ ਦਿਆਂਗਾ। ਸਾਥੀ ਨੂੰ ਆਪਣੀ ਜਾਨ ਬਚਾਉਣ ਲਈ ਮਾਫੀ ਮੰਗਣੀ ਪਈ ਅਤੇ ਉਸਨੇ ਵਿਆਹ ਲਈ ਕੁੱਝ ਧੰਨ ਮਾਤਾ ਨੂੰ ਵੀ ਮੋੜ ਦਿੱਤਾ ਤੇ ਸਾਥੀ ਦੀ ਗਲਤੀ ਲਈ ਆਪ ਵੀ ਮਾਫੀ ਮੰਗੀ।

ਗ਼ਦਰੀ ਉਹਨਾਂ ਲੋਕਾਂ ਦਾ ਬਾਈ ਕਾਟ ਕਰ ਦਿੰਦੇ ਸਨ ਜਿਹੜੇ ਆਪਦੀਆਂ ਲੜਕੀਆਂ ਨੂੰ ਮਾਰਦੇ ਸਨ। ਜਿੱਥੇ ਇਹ ਕੁੜੀ ਮਾਰਨ ਦਾ ਵਿਰੋਧ ਕਰਦੇ ਸਨ ਉੱਥੇ ਇਹਨਾਂ ਨੇ ਸਮੂਹਕ ਵਿਆਹ ਕਰਕੇ ਅਨੰਦ ਕਾਰਜ਼ ਦੀ ਰਹਿਤ ਮਰਿਆਦਾ ਨਾਲ ਕੁੜੀਆਂ ਨੂੰ ਵੇਚਣ ਦੀ ਪ੍ਰਥਾ ਦਾ ਬਾਈਕਾਟ ਵੀ ਕੀਤਾ।ਜਿਸਦੀ ਮਿਸਾਲ ਮੇਰੀਆਂ ਪੰਜਾਂ ਭੂਆ ਜੀ ਹੋਰਾਂ ਦਾ ਵਿਆਹ ਸਿਰਫ ਸਵਾ ਰੁਪਈਏ ਨਾਲ ਸਿਰਫ ਪੰਜ ਬੰਦਿਆਂ ਦੀ ਬਰਾਤ ਵਿੱਚ ਹੋਇਆ ਸੀ। ਮੇਰੇ ਬਾਬਾ ਜੀ ਜਵਾਹਰ ਸਿੰਘ ਵੀ ਗ਼ਦਰ ਲਹਿਰ ਦੇ ਕਾਰਕੁੰਨ ਸਨ। ਇਸਦੇ ਨਾਲ ਹੀ ਇੱਕ ਹੋਰ ਘਟਨਾ ਕਿ ਮੇਰੇ ਬਾਬਾ ਜੀ ਤੇ ਬਾਬਾ ਜੀ ਰਾਮ ਸਿੰਘ ਕਿਰਤੀ ਸਾਡੇ ਘਰਾਂ ਵਿੱਚੋਂ ਇੱਕ ਮੁੰਡੇ ਨੂੰ ਚਮਾਰਾਂ ਦੇ ਵਿਆਹ ਲਿਆਏ। ਕੁੜੀ ਪਿੰਡ ਵਿੱਚ ਆ ਰਹਿਣ ਲੱਗੀ ਤਾਂ ਇੱਕ ਦਿਨ ਖੂਹ ਤੋਂ ਪਾਣੀ ਭਰ ਲਿਆਈ। ਲੋਕਾਂ ਨੇ ਵਿਰੋਧ ਕੀਤਾ ਕਿ ਇਸ ਨੇ ਤਾਂ ਪਾਣੀ ਭਿੱਟ ਦਿੱਤਾ ਹੈ ਉਹਨਾਂ ਨੇ ਘੋੜਿਆਂ ਵਾਲੀ ਪੁਲਸ ਸੱਦ ਲਈ ਬਾਬਾ ਜੀ ਹੋਰਾਂ ਨੂੰ ਬੁਲਾਇਆ ਗਿਆ।ਤਾਂ ਉਹਨਾਂ ਨੇ ਕਿਹਾ ਕਿ ਹੁਣ ਤਾਂ ਅਸੀਂ ਕੁੱਝ ਨਹੀਂ ਕਰ ਸਕਦੇ ਹੁਣ ਪਾਣੀ ਤਾਂ ਪਹਿਲੋਂ ਹੀ ਭਿੱਟ ਹੋ ਗਿਆ ਹੈ। ਹੁਣ ਇਹ ਤਾਂ ਹੋ ਸਕਦਾ ਹੈ ਕਿ ਤੁਸੀਂ ਇੱਕ ਹੋਰ ਖੂਹ ਪੁੱਟ ਲਵੋ। ਪਰ ਉਹਨਾਂ ਤੋਂ ਇਹ ਹੋ ਨਹੀਂ ਸੀ ਸਕਦਾ ਸਾਰੇ ਚੁੱਪ ਹੋ ਗਏ ਪੁਲੀਸ ਵੀ ਕੁੱਝ ਨਾ ਕਰ ਸਕੀ, ਹੌਲੀ ਹੌਲੀ ਲੋਕਾਂ ਨੇ ਰਾਤ ਬਰਾਤੇ ਖੂਹ ਤੋਂ ਪਾਣੀ ਭਰਨਾ ਸ਼ੁਰੂ ਕਰ ਦਿੱਤਾ ਤੇ ਨਾਲੇ ਬਾਬਾ ਜੀ ਨੇ ਕਿਹਾ ਕਿ ਇਹ ਤਾਂ ਹੁਣ ਜੱਟਾਂ ਦੇ ਵਿਆਹੀ ਗਈ ਹੈ ਜੱਟੀ ਬਣ ਗਈ ਹੈ, ਤੁਸੀਂ ਇਸਤੇ ਇਤਰਾਜ਼ ਕਿਉਂ ਕਰਦੇ ਹੋ। ਬੇਸ਼ੱਕ ਸ਼ਰੀਕੇ ਨੇ ਉਹਨਾਂ ਦਾ

ਬਾਈਕਾਟ ਕਰ ਦਿੱਤਾ ਪਰ ਉਹਨਾਂ ਨੇ ਉਸ ਔਰਤ ਨੂੰ ਪੂਰਾ ਮਾਣ ਦਿੱਤਾ। ਇਸ ਤਰ੍ਹਾਂ ਉਹਨਾਂ ਨੇ ਜਾਤ ਪਾਤ ਦਾ ਵਿਰੋਧ ਤੇ ਔਰਤ ਦੀ ਸਮਾਨਤਾ ਨੂੰ ਤਰਜੀਹ ਦਿੱਤੀ।

ਅੱਜ ਜਦੋਂ ਸੌ ਸਾਲਾਂ ਬਾਅਦ ਸਮਾਜ ਵਿੱਚ ਇਹੋ ਜਿਹੀਆਂ ਕੁਰੀਤੀਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਜਰੂਰ ਐਂ ਲੱਗਦੈ ਸਾਡੇ ਬਾਬੇ ਸਾਨੂੰ ਦੇਖ ਕੇ ਜਰੂਰ ਸ਼ਰਮਸ਼ਾਰ ਹੁੰਦੇ ਹੋਣਗੇ ਕਿ ਸਾਡਾ ਪੱਧਰ ਜਿਉਂ ਦਾ ਤਿਉਂ ਹੈ। ਕੈਨੇਡਾ ਦੀ ਧਰਤੀ ਜਿੱਥੋਂ ਉੱਠ ਕੇ ਉਹਨਾਂ ਨੇ ਸੰਘਰਸ਼ ਦਾ ਪੱਲਾ ਫੜਿਆ ਸੀ ਉੱਥੇ ਅਸੀਂ ਅੱਜ ਦੇਖਦੇ ਹਾਂ ਕਿ ਕੁੱਖ ਵਿੱਚ ਕੁੜੀਆਂ ਮਾਰਨ ਦਾ ਰਿਵਾਜ, ਘਰੇਲੂ ਹਿੰਸਾ ਦਾ ਸ਼ਿਕਾਰ, ਬਲਾਤਕਾਰੀ ਦੇ ਕੇਸ, ਕੰਮਾਂ ਤੇ ਬੇਹੁਰਮਤੀ, ਆਦਿਵਾਸੀ ਔਰਤਾਂ ਦੇ ਕਤਲ ਆਮ ਜਿਹੀਆਂ ਗੱਲਾਂ ਰੋਜ਼ ਵਾਪਰਦੀਆਂ ਹਨ। ਔਰਤਾਂ ਅਤੇ ਮਰਦਾਂ ਵਿੱਚ ਵਿਤਕਰਾ ਹਮੇਸ਼ਾਂ ਦੇਖਣ ਨੂੰ ਮਿਲਦਾ ਹੈ। ਸਗੋਂ ਇੱਥੋਂ ਦੀਆਂ ਸਰਕਾਰਾਂ ਜਿਹੜੀਆਂ ਆਪਣੇ ਆਪ ਨੂੰ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਅਖਵਾਉਂਦੀਆਂ ਹਨ, ਉਹ ਵੀ ਡੇ ਕੇਅਰ ਸੈਂਟਰਾਂ ਨੂੰ ਤਾਂ ਐਨੇ ਐਨੇ ਫੰਡ ਦਿੰਦੀਆਂ ਹਨ ਪਰ ਜਿਹੜੀ ਔਰਤ ਆਪਣੇ ਬੱਚੇ ਆਪ ਪਾਲ਼ਦੀ ਹੈ ਤੇ ਵਧੀਆ ਪ੍ਰਵਰਿਸ਼ ਕਰਦੀ ਹੈ ਉਸਨੂੰ ਇੱਕ ਆਨਾ ਵੀ ਨਹੀਂ ਦਿੰਦੀਆਂ ਇਹ ਔਰਤਾਂ ਨਾਲ ਹੋ ਰਹੀ ਬੇਇਨਸਾਫੀ ਹੀ ਹੈ। ਅਗਰ ਅਸੀਂ ਗ਼ਦਰੀ ਬਾਬਿਆਂ ਦੇ ਸੱਚੇ ਸੁੱਚੇ ਪੈਰੋਕਾਰ ਹਾਂ ਤਾਂ ਸਾਨੂੰ ਔਰਤਾਂ ਦੇ ਹੱਕਾਂ ਪ੍ਰਤੀ ਲਾਮਬੰਦ ਹੋਣਾ ਵੀ ਬਣਦਾ ਹੈ।